Student/Registration Number | | | | | | | | | | | Centre Number | | | | | | |

# 2010 Public Examination

# Punjabi
## Continuers Level

**Tuesday 19 October: 2 p.m. Eastern Standard Time**

Reading Time: 10 minutes
Working Time: 2 hours and 50 minutes

- *You have 10 minutes to read all the papers and to familiarise yourself with the requirements of the questions. You must not write during this time.*
- *Monolingual and/or bilingual printed dictionaries may be consulted during the reading time and also during the examination.*

## Section 1: Listening and Responding (30 marks)

**Instructions to Students**

1. Allow approximately 50 minutes for Section 1.
2. Write all your answers to the questions in Section 1 in this booklet in blue or black ink or ball-point pen. Space is provided for you to make notes.
3. You must answer ALL questions in Part A and Part B.
4. Answer Part A in ENGLISH and Part B in PUNJABI.
5. Write your student/registration number and the centre number (if required) on the front cover of this booklet.
6. All question booklets will be collected at the end of the examination.

*© Victorian Curriculum and Assessment Authority 2010*

**Part A** (Questions 1–4)
(20 marks)

---

*When judging performance in this part, the examiner(s) will take into account the extent to which the student demonstrates the capacity to:*

- *understand general and specific aspects of texts by identifying and analysing information and convey the information accurately and appropriately.*

---

You will hear FOUR texts. Each text will be played twice. There will be a short break between the first and second playings in which you may make notes.

Listen carefully to each text and then answer the questions in ENGLISH.

**Marks** | You may make notes in this space.

**Text 1**

1. (a) Who is Kamaljit calling and why? **2**

(b) What information is provided by Kamaljit? **6**

**Text 2**

2. (a) During the tour, which activities involve teamwork? **2**

(b) What is the difference between the mother's and the son's reactions to the proposed tour? **2**

Marks | You may make notes in this space.

**Text 3**

3. (a) Complete the table to show the unlucky and lucky events of Kulwant's day. **3**

| **Unlucky event** | **Lucky events** |
|---|---|
| • ______________ | • ______________<br>• ______________ |

(b) What evidence is there of the relationship between Mr Smith and Kulwant? **1**

______________________________

**Text 4**

4. (a) How does the public learn about this event? **1**

______________________________

(b) What does this text indicate about Punjabi cultural interests? **3**

• ______________________________

• ______________________________

• ______________________________

**Part B** (Questions 5–6)
(10 marks)

*When judging performance in this part, the examiner(s) will take into account the extent to which the student demonstrates the capacity to:*

- *understand general and specific aspects of texts by identifying and analysing information;*
- *convey the information accurately and appropriately.*

You will hear TWO texts, one relating to Question 5 and one relating to Question 6. Each text will be played twice. There will be a short break between the first and second playings in which you may make notes.

Listen carefully to each text and then answer the questions in PUNJABI.

**Marks** | You may make notes in this space.

**Text 5**

5. (a) Why has this guest been invited to talk on the radio program? **1**
ਇਸ ਮਹਿਮਾਨ ਨੂੰ ਰੇਡੀਓ ਪ੍ਰੋਗਰਾਮ ਵਿੱਚ ਕਿਉਂ ਬੁਲਾਇਆ ਗਿਆ ਹੈ?

(b) How does the quoted song reflect the Punjab's esteem for nature? **3**
ਇਸ ਵਿੱਚਲਾ ਗੀਤ, ਪੰਜਾਬ ਦੀਆਂ ਕੁਦਰਤੀ ਖੂਬੀਆਂ ਨੂੰ ਕਿਵੇਂ ਦਰਸਾਉਂਦਾ ਹੈ?

Marks

You may make notes in this space.

**Text 6**

6. How does this message reflect the close relationship between Parshotam Singh and the person he is calling? **6**

ਇਸ ਸੁਨੇਹੇ ਦੇ ਅੰਦਾਜ਼ (ਲਹਿਜੇ) ਤੋਂ ਕਿਵੇਂ ਪਤਾ ਲੱਗਦਾ ਹੈ ਕਿ ਪ੍ਰਸ਼ੋਤਮ ਸਿੰਘ ਅਤੇ ਜਿਸ ਨੂੰ ਉਸ ਨੇ ਫੋਨ ਕੀਤਾ ਹੈ, ਵਿਚਕਾਰ ਗੂੜੇ ਸੰਬੰਧ ਹਨ?

**End of Section 1**

Student/Registration Number

Centre Number

**2010 Public Examination**

# Punjabi

## Continuers Level

### Section 2: Reading and Responding (30 marks)

**Instructions to Students**

1. Allow approximately 1 hour and 15 minutes for Section 2.
2. Write all your answers to the questions in Section 2 in this booklet in blue or black ink or ball-point pen.
3. You must answer ALL questions in Part A and Part B.
4. Answer Part A in ENGLISH and Part B in PUNJABI.
5. Write your student/registration number and the centre number (if required) on the front cover of this booklet.
6. All question booklets will be collected at the end of the examination.

© *Victorian Curriculum and Assessment Authority 2010*

**Part A** (Questions 7–8)
(20 marks)

*When judging performance in this part, the examiner(s) will take into account the extent to which the student demonstrates the capacity to:*

- *understand general and/or specific aspects of texts, by, for example, comparing, contrasting, summarising, or evaluating, and convey the information accurately and appropriately.*

7. Read the text and then answer in ENGLISH the questions that follow.

ਪਿਆਰੀ ਮੈਗੀ,

ਮੈਂ ਤਕਰੀਬਨ ਇੱਕ ਹਫ਼ਤੇ ਤੋਂ ਇੱਥੇ ਭਾਰਤ ਵਿੱਚ ਹਾਂ ਅਤੇ ਇੱਥੋਂ ਦੇ ਨੌਜਵਾਨਾਂ ਅਤੇ ਆਪਣੇ ਨੌਜਵਾਨਾਂ ਦੇ ਸਮਾਜਿਕ ਵਿਹਾਰ ਵਿੱਚ ਬਹੁਤ ਜ਼ਿਆਦਾ ਫਰਕ ਵੇਖ ਕੇ ਲਗਾਤਾਰ ਹੈਰਾਨ ਹੋ ਰਿਹਾ ਹਾਂ।

ਮੈਂ ਆਪਣੇ ਨੌਜਵਾਨਾਂ ਦੇ ਅੰਦਾਜ਼ ਜਿਵੇਂ ਕਿ ਉਨ੍ਹਾਂ ਦਾ ਆਮ ਪਹਿਰਾਵਾ, ਆਪਸੀ ਗੱਲਬਾਤ (ਭਾਵੇਂ ਵੱਡਿਆਂ ਨਾਲ ਜਾਂ ਆਪਣੇ ਸਾਥੀਆਂ ਨਾਲ) ਹੋਵੇ, ਦਾ ਬਹੁਤ ਆਦੀ ਹੋ ਚੁੱਕਾ ਹਾਂ। ਸਾਡੇ ਸਮਾਜ ਵਿੱਚ ਊਚ-ਨੀਚ ਦੀ ਕੋਈ ਥਾਂ ਨਹੀਂ ਹੈ। ਆਪਣੇ ਲੋਕ ਕੰਮਾਂ- ਕਾਰਾਂ ਤੇ ਇੱਕ ਦੂਜੇ ਨੂੰ ਉਨ੍ਹਾਂ ਦੇ ਨਾਂ ਨਾਲ, ਜਾਂ ਛੋਟੇ ਨਾਂ ਨਾਲ ਜਾਂ ਸਿਰਫ ਸਾਥੀ ਕਹਿ ਕੇ ਬੁਲਾਉਂਦੇ ਹਨ।

ਤੂੰ ਸੋਚ, ਸਾਡੇ ਕਈ ਨੌਜਵਾਨ ਆਪਣੇ ਮਾਂ-ਬਾਪ ਦੇ ਘਰ ਵਿੱਚ ਰਹਿ ਕੇ ਪੜ੍ਹਦੇ ਹਨ ਜਿੱਥੇ ਉਨ੍ਹਾਂ ਨੂੰ ਪਰਿਵਾਰ ਵੱਲੋਂ ਧੱਕੇ ਨਾਲ ਸਲੀਕਾ ਸਿਖਾਇਆ ਜਾਂਦਾ ਹੈ ਪਰ ਜੇਕਰ ਅਸੀਂ ਮੀਡੀਏ ਦੀ ਗੱਲ ਨਾ ਵੀ ਕਰੀਏ, ਇਸ ਸਲੀਕੇ ਨੂੰ ਉਨ੍ਹਾਂ ਦੇ ਜਮਾਤੀਆਂ ਅਤੇ ਦੋਸਤਾਂ ਵਲੋਂ ਬਦਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਮੈਂ ਅੱਜ ਸਵੇਰੇ ਸਥਾਨਕ ਬਾਜ਼ਾਰ ਵਿੱਚ ਗਿਆ, ਜਿੱਥੇ ਨੌਜਵਾਨ ਇਸਤਰੀਆਂ ਦੀ ਸੁੰਦਰਤਾ, ਚਮਕ-ਦਮਕ, ਅਮੀਰੀ ਅਤੇ ਸਾੜੀਆਂ ਵਿੱਚ ਇਸਤਰੀਪਣ ਵੇਖ ਕੇ ਦੰਗ ਰਹਿ ਗਿਆ। ਮੁੰਡੇ ਕੁੜੀਆਂ ਲਈ ਇੱਕੋ ਜਿਹੀਆਂ ਆਸਟਰੇਲੀਅਨ ਜੀਨਾਂ, ਦੌੜਨ ਵਾਲੇ ਬੂਟ ਅਤੇ ਅਸ਼ਲੀਲ ਟੀ-ਸ਼ਰਟਾਂ ਦੇ ਮਾਹੌਲ ਨਾਲੋਂ, ਇੱਥੋਂ ਦਾ ਮਾਹੌਲ ਕਿੰਨਾਂ ਵੱਖਰਾ ਹੈ। ਰਵਾਇਤੀ ਤੌਰ ਤੇ ਇੱਥੋਂ ਦੀਆਂ ਦੁਕਾਨਾਂ ਸੁਨਿਹਰੀ ਹਾਰਾਂ ਅਤੇ ਵੰਗਾਂ ਨਾਲ ਭਰੀਆਂ ਪਈਆਂ ਹਨ ਪਰੰਤੂ ਸਾਡੇ ਬਜ਼ਾਰਾਂ ਵਾਂਗ ਨਹੀਂ, ਜਿੱਥੇ ਕੱਚੇ ਅਤੇ ਮੁਰਝਾਏ ਹੋਏ ਰੰਗਾਂ ਵਾਲੀਆਂ ਹੱਥ ਬਣੀਆਂ ਚੀਜ਼ਾਂ ਪਈਆਂ ਹੁੰਦੀਆਂ ਹਨ।

ਆਸ ਹੈ ਕਿ ਆਪਣੇ ਬੱਚੇ ਤੈਨੂੰ ਜ਼ਿਆਦਾ ਤੰਗ ਨਹੀਂ ਕਰਦੇ ਹੋਣਗੇ। ਕੱਲ੍ਹ ਹੋਰ ਲਿਖਾਂਗਾ।

ਤੁਹਾਡਾ ਪਿਆਰਾ ਪਤੀ

ਫਰੈਡ

QUESTIONS

**Marks**

(a) What is Fred's main message to Maggie? **1**

______________________________________________________________________

______________________________________________________________________

(b) According to Fred's communication, how can the differences between young Indians and Australians be categorised? Provide an example for each. **4**

| CATEGORY | EXAMPLE |
|---|---|
| | |
| | |

8. Read the text and then answer in ENGLISH the questions that follow.

ਸਲੀਕਾ

ਸਲੀਕੇ ਤੋਂ ਭਾਵ ਯੋਗ ਸਮਾਜਿਕ ਵਿਹਾਰ, ਜਿਸ ਨਾਲ ਸਮਾਜ ਵਿੱਚ ਵਿਚਰਨ ਵਿੱਚ ਆਸਾਨੀ ਹੋਵੇ ਅਤੇ ਦੂਜਿਆਂ ਉੱਪਰ ਉਸ ਦਾ ਚੰਗਾ ਪ੍ਰਭਾਵ ਪਵੇ। ਕਿਸੇ ਮਨੁੱਖ ਦੇ ਰਹਿਣ-ਸਹਿਣ ਅਤੇ ਵਰਤਾਵੇ ਦਾ ਅੰਦਾਜ਼ਾ ਉਸ ਦੀ ਗੱਲਬਾਤ ਅਤੇ ਪ੍ਰਾਹੁਣਚਾਰੀ ਤੋਂ ਲਾਇਆ ਜਾ ਸਕਦਾ ਹੈ। ਪੁਰਾਣੇ ਜ਼ਮਾਨੇ ਵਿੱਚ ਕਿਹਾ ਜਾਂਦਾ ਸੀ ਕਿ ਆਦਮੀ ਆਪਣੇ ਸਲੀਕੇ ਤੋਂ ਜਾਣਿਆ ਜਾਂਦਾ ਹੈ ਜਿਵੇਂ ਕਿ ਆਦਮੀ ਆਪਣੀ ਦਸਤਾਰ ਜਾਂ ਪਗੜੀ, ਰਫ਼ਤਾਰ ਅਰਥਾਤ ਤੋਰ ਜਾਂ ਕੰਮ ਕਰਨ ਦੀ ਪ੍ਰਕਿਰਿਆ, ਗੁਫ਼ਤਾਰ ਭਾਵ ਬੋਲਚਾਲ ਤੋਂ ਹੀ ਪਹਿਚਾਣਿਆ ਜਾਂਦਾ ਸੀ।ਇਹ ਸਾਰਾ ਕੁੱਝ ਘਰ ਵਿੱਚੋਂ ਸਿੱਖਿਆ ਜਾਂਦਾ ਸੀ।

ਮਾਪੇ ਆਪਣੇ ਬੱਚਿਆਂ ਨੂੰ ਉਚੇਰੀ ਪੜ੍ਹਾਈ ਦੀ ਥਾਂ ਘਰ ਦੇ ਕੰਮਾਂ-ਕਾਰਾਂ ਵਿੱਚ ਨਿਪੁੰਨ ਬਣਾਉਂਦੇ ਸੀ ਜਿਵੇਂ ਕਿ ਲੜਕਿਆਂ ਲਈ ਖੇਤੀਬਾੜੀ ਦਾ ਕੰਮ ਅਤੇ ਦੁਕਾਨਦਾਰੀ ਜਾਂ ਪਰਿਵਾਰ ਦੀ ਦੇਖਭਾਲ ਅਤੇ ਲੜਕੀਆਂ ਲਈ ਘਰ ਦੇ ਕੰਮ ਜਿਵੇਂ ਕਿ ਖਾਣਾ ਬਣਾਉਣਾ, ਕੱਪੜੇ ਸਿਊਣੇ ਆਦਿ।

ਅੱਜ-ਕੱਲ੍ਹ ਰਵੱਈਆ ਬਦਲ ਗਿਆ ਹੈ: ਕੁੱਝ ਬੱਚੇ ਮਨਮਰਜੀ ਕਰਦੇ ਹਨ, ਬਾਹਰ ਲੋਕਾਂ ਵਿੱਚ ਸ਼ੋਰ ਸ਼ਰਾਬਾ ਕਰਦੇ ਹਨ, ਸਮੇਂ ਦੀ ਕਦਰ ਨਹੀਂ ਕਰਦੇ ਅਤੇ ਉਨ੍ਹਾਂ ਦੇ ਪਹਿਰਾਵੇ ਵਿੱਚੋਂ ਅਸ਼ਲੀਲਤਾ ਝਲਕਦੀ ਹੈ। ਇਹ ਬੜੇ ਅਫਸੋਸ ਵਾਲੀ ਗੱਲ ਹੈ ਕਿ ਸੰਗਾਊ, ਰਸਮੀ ਅਤੇ ਪੂਰੇ ਸੂਟ ਘੱਟ ਨਜ਼ਰ ਆਉਂਦੇ ਹਨ। ਭਾਵੇਂ ਗਹਿਣੇ ਬਹੁਤ ਪ੍ਰਚੱਲਤ ਹਨ ਪਰ ਇਹ ਵਿਖਾਵੇ ਲਈ ਕਦੀ ਨਹੀਂ ਵਰਤੇ ਗਏ। ਇਸ ਭੈੜੇ ਵਰਤਾਰੇ ਨੂੰ ਧਿਆਨ ਵਿੱਚ ਰੱਖਦੇ ਹੋਏ, ਸਲੀਕਾ ਸਿਖਾਉਣ ਲਈ ਖ਼ਾਸ ਸਕੂਲ ਖੋਲ੍ਹੇ ਗਏ ਹਨ। ਜਿਵੇਂ-ਜਿਵੇਂ ਜੀਵਨ ਗੁੰਝਲਦਾਰ ਹੋ ਰਿਹਾ ਹੈ ਤਿਵੇਂ ਤਿਵੇਂ ਸਲੀਕੇ ਦੀ ਲੋੜ ਹੋਰ ਵਧਦੀ ਜਾ ਰਹੀ ਹੈ।

ਹਰ ਮਨੁੱਖ ਚਾਹੁੰਦਾ ਹੈ ਕਿ ਦੂਜੇ ਉਸ ਨੂੰ ਚੰਗਾ ਸਮਝਣ। ਜੇ ਕਿਸੇ ਦੇ ਮਨ ਵਿੱਚ ਚੰਗੇ ਸਲੀਕੇ ਨੂੰ ਅਪਨਾਉਣ ਦੀ ਇੱਛਾ ਹੈ ਤਾਂ ਉਹ ਹੇਠ ਲਿਖੇ ਸਿਧਾਂਤਾਂ ਨੂੰ ਅਪਣਾ ਸਕਦਾ ਹੈ:

> "ਆਦਰਯੋਗ ਹੋਣਾ, ਧੰਨਵਾਦੀ ਹੋਣਾ, ਵਿਚਾਰਸ਼ੀਲ ਹੋਣਾ, ਖਿਮਾਂ ਦੇਣ ਵਾਲਾ, ਦੂਜਿਆਂ ਦਾ ਧਿਆਨ ਰੱਖਣ ਵਾਲਾ ਹੋਵੇ"।

QUESTIONS

**Marks**

(a) With reference to the text, explain the expression 'Manners make the man'. **3**

(b) What observations of Indian youth have led to the author's final advice? **7**

(c) What action has been taken to improve the behaviour of modern Indian youth? **1**

(d) Compare the text types, style and purpose of Text 7 and Text 8. **4**

**Part B** (Question 9)
(10 marks)

---

*When judging performance in this part, the examiner(s) will take into account the extent to which the student demonstrates the capacity to:*

- *understand general and specific aspects of a text by identifying, analysing, and responding to information;*
- *convey information coherently (structure, sequence, accuracy and variety of vocabulary and sentence structure) and appropriately (relevance, use of conventions of the text type).*

---

9. Read the text and then answer the question in 150–200 words in PUNJABI on page 7.

## ਕਰਿਆਨੇ ਦੀ ਦੁਕਾਨ "ਗੋਲਡਨ ਕਾਰਨਰ ਸਟੋਰ" ਨੂੰ ਖਾਲੀ ਕਰਵਾਉਣ ਲਈ ਇਸ਼ਤਿਹਾਰ

23 ਸਤੰਬਰ 2010

ਲਈ: ਸੁਰਿੰਦਰ ਲਾਲ
ਦੁਕਾਨ ਦਾ ਕਿਰਾਏਦਾਰ

ਦੁਕਾਨ : 8 ਡੋਰਾ ਰੋਡ
ਬਾਲਾ ਵੂਡ 4300

ਵੱਲੋਂ : ਵਿਜੇ ਕੁਮਾਰ
ਦੁਕਾਨ ਦਾ ਮਾਲਕ

80 ਸਿਸਕੋ ਪਲੇਸ
ਸਮਰ ਹਿਲ 4338

ਫ਼ੋਨ : 05 67549839

**30 ਦਿਨਾਂ ਵਿੱਚ ਖਾਲੀ ਕਰਨ ਦੀ ਇਤਲਾਹ**

ਜੇਕਰ ਇਹ ਦੁਕਾਨ ਮਿੱਥੇ ਸਮੇਂ ਮੁਤਾਬਿਕ ਨਾ ਖਾਲੀ ਕੀਤੀ ਗਈ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕਿਰਾਏਦਾਰ ਇਸ ਕਾਰਵਾਈ ਲਈ ਜ਼ਿੰਮੇਵਾਰ ਹੋਵੇਗਾ।

**ਖਾਲੀ ਕਰਨ ਦਾ ਕਾਰਨ**

ਤੁਸੀਂ ਇੱਕ ਕਰਿਆਨੇ ਦੀ ਦੁਕਾਨ 2015 ਤੱਕ ਕਿਰਾਏ ਤੇ ਲਈ ਹੈ। ਕਰਿਆਨੇ ਤੋਂ ਇਲਾਵਾ ਤੁਸੀਂ ਸੀ-ਡੀਜ਼ ਅਤੇ ਡੀ.ਵੀ-ਡੀਜ਼ ਵੀ ਵੇਚਦੇ ਹੋ। ਸੀ-ਡੀਜ਼ ਅਤੇ ਡੀ.ਵੀ-ਡੀਜ਼ ਨੂੰ ਉੱਚੀ ਆਵਾਜ਼ ਵਿੱਚ ਚਲਾਉਣ ਕਰਕੇ ਨੇੜਲੇ ਲੋਕ ਪ੍ਰਭਾਵਿਤ ਹੁੰਦੇ ਹਨ। ਤੁਸੀਂ ਦੁਕਾਨ ਦੀ ਕੁੱਝ ਜਗ੍ਹਾ ਨਾਸ਼ਤਾ, ਦੁਪੈਹਰ ਦਾ ਤੇ ਰਾਤ ਦਾ ਖਾਣਾ ਬਣਾਉਣ ਲਈ ਵੀ ਵਰਤਦੇ ਹੋ। ਪਕਾਉਂਦੇ ਸਮੇਂ ਧੂੰਆਂ ਲਾਗਲੇ ਵਪਾਰਾਂ ਤੇ ਅਸਰ ਪਾਉਂਦਾ ਹੈ। ਤੁਹਾਡੇ ਗਾਹਕ ਜੂਠਾ ਖਾਣਾ ਮੇਜਾਂ ਤੇ ਛੱਡ ਜਾਂਦੇ ਹਨ। ਤੁਹਾਡੀ ਦੁਕਾਨ ਅੱਧੀ ਰਾਤ ਤੱਕ ਖੁੱਲ੍ਹੀ ਰਹਿੰਦੀ ਹੈ।

QUESTION

You are a prominent member of the local community and appreciate the shop. You see this notice to vacate the shop. Write a persuasive letter to the landlord explaining why you want the present tenant to stay on.

ਤੁਸੀਂ ਸਥਾਨਕ ਭਾਈਚਾਰੇ ਦੇ ਪ੍ਰਮੁੱਖ ਮੈਂਬਰ ਹੋ ਅਤੇ ਇਸ ਦੁਕਾਨ ਨੂੰ ਪਸੰਦ ਕਰਦੇ ਹੋ। ਤੁਸੀਂ ਦੁਕਾਨ ਖਾਲੀ ਕਰਨ ਦਾ ਇਹ ਇਸ਼ਤਿਹਾਰ ਵੇਖਿਆ ਹੈ। ਦੁਕਾਨ ਮਾਲਕ ਨੂੰ ਇੱਕ ਪ੍ਰੇਰਨਾਮਈ ਪੱਤਰ ਲਿਖ ਕੇ ਦੱਸੋ ਕਿ ਤੁਸੀਂ ਇਸ ਕਿਰਾਏਦਾਰ ਨੂੰ ਕਿਉਂ ਰਹਿਣ ਦੇਣਾ ਚਾਹੁੰਦੇ ਹੋ।

---

You may make notes in this space.

*Do not remove this page from the question booklet.*

Student/Registration Number

Centre Number

Punjabi
Continuers Level

Question 9



PLEASE TURN OVER

**End of Section 2**

Student/Registration Number | | | | | | | | | | | Centre Number | | | | | | |

# 2010 Public Examination

# Punjabi
## Continuers Level

### Section 3: Writing in Punjabi (15 marks)

**Instructions to Students**

1. Allow approximately 45 minutes for Section 3.
2. Write your answer to a question from Section 3 in this booklet in blue or black ink or ball-point pen. Space is provided for you to make notes.
3. You must answer ONE question in PUNJABI.
4. Write your student/registration number and the centre number (if required) on the front cover of this booklet.
5. All question booklets will be collected at the end of the examination.

© *Victorian Curriculum and Assessment Authority 2010*

**Section 3** (Questions 10–13)
(15 marks)

---

*When judging performance in this section, the examiner(s) will take into account the extent to which the student demonstrates:*

- *relevance and depth of treatment of ideas, information, or opinions;*
- *accuracy and range of vocabulary and sentence structures;*
- *the capacity to structure and sequence response and capacity to use conventions of the text type.*

---

Answer ONE question from this section in 200–250 words in PUNJABI.

10. Write the script for a speech to be given at the Punjabi Cultural Conference evaluating the advantages and disadvantages of migrating to Australia.
    ਆਸਟ੍ਰੇਲੀਆ ਵਿੱਚ ਪ੍ਰਵਾਸ ਕਰਨ ਦੇ ਲਾਭ ਤੇ ਹਾਨੀਆ ਦਾ ਮੁਲੰਕਣ ਕਰਦੇ ਹੋਏ, ਪੰਜਾਬੀ ਸਭਿੱਆਚਾਰ ਸੰਮੇਲਨ ਵਿੱਚ ਦੇਣ ਵਾਲੇ ਭਾਸ਼ਣ ਦਾ ਖਰੜਾ ਲਿਖੋ।

11. Based on the pictures given below, write an imaginative story for a science fiction magazine.
    ਹੇਠਲੀਆਂ ਤਸਵੀਰਾਂ ਦੇ ਅਧਾਰ ਤੇ “ਵਿਗਿਆਨ ਗਲਪ ਰਸਾਲੇ” ਵਿੱਚ ਛਪਾਉਣ ਲਈ ਇੱਕ ਮਨਘੜਤ ਕਹਾਣੀ ਲਿਖੋ।





12. Write an article for your local newspaper informing readers of the efforts that need to be made by people, students and governments to reduce greenhouse gases.
    ਆਪਣੇ ਸਥਾਨਿਕ ਅਖ਼ਬਾਰ ਦੇ ਪਾਠਕਾਂ ਨੂੰ ਜਾਣਕਾਰੀ ਦੇਣ ਲਈ ਇੱਕ ਲੇਖ ਲਿਖੋ ਜਿਸ ਵਿੱਚ ਦੱਸੋ ਕਿ ਹਰਾ ਘਰ ਗੈਸਾਂ ਨੂੰ ਘਟਾਉਣ ਲਈ ਲੋਕਾਂ, ਵਿਦਿਆਰਥੀਆਂ ਅਤੇ ਸਰਕਾਰਾਂ ਨੂੰ ਕੀ ਉਪਰਾਲੇ ਕਰਨੇ ਚਾਹੀਦੇ ਹਨ।

13. Write an email to a friend in Australia about your personal experience at a Punjabi sporting event you recently attended.
    ਤੁਸੀਂ ਹੁਣੇ ਹੁਣੇ ਵੇਖੇ ਇੱਕ ਪੰਜਾਬੀ ਖੇਡ ਮੇਲੇ ਬਾਰੇ ਨਿੱਜੀ ਤਜਰਬੇ ਦੱਸਦੇ ਹੋਏ, ਆਪਣੇ ਆਸਟਰੇਲੀਆ ਵਿੱਚ ਰਹਿੰਦੇ ਦੋਸਤ ਨੂੰ ਇੱਕ ਈ-ਮੇਲ ਲਿਖੋ।

You may make notes in this space.

Question Number:

**End of Section 3**